Serial No. 163

11–5 KK–20 LA

# PUNJABI

## Paper II – 2005

## (Literature)

**Time Allowed : Three Hours** | **Maximum Marks : 300**

*INSTRUCTIONS*

*Candidates should attempt questions 1 and 5 which are compulsory, and any THREE of the remaining questions selecting at least ONE question from each Section.*

*All questions carry equal marks.*

*Answers must be written in Punjabi (Gurmukhi Script).*

punjabiforias.com by Satinder Sir

### SECTION—A

1. ਨਿਮਨ ਲਿਖਤ ਦ ਟੋਟਿਆਂ ਵਿਚੋਂ ਕੇਵਲ ਤਿੰਨ ਦੀ ਆਲੋਚਨਾਤਮਕ ਤੇ ਪ੍ਰਸੰਗ ਸਹਿਤ ਵਿਆਖਿਆ ਕਰੋ :— 3×20=60

(ੳ) ਬੇੜਾ ਬੰਧਿ ਨ ਸਕਿਓ, ਬੰਧਨ ਕੀ ਵੇਲਾ
ਭਰਿ ਸਰਵਰੁ ਜਬ ਊਛਲੈ, ਤਬ ਤਰਣੁ ਦੁਹੇਲਾ ॥ ੧ ॥
ਹਥਿ ਨਾ ਲਾਇ ਕਸੁੰਭੜੇ, ਜਲ ਜਾਸੀ ਢੋਲਾ। ੧ ॥ ਰਹਾਉ ॥
ਇਕ ਆਪੀਨੈ ਪਤਲੀ, ਸਹ ਕੇਰੇ ਬੋਲਾ।
ਦੁਧਾ ਥਣੀ ਨ ਆਵਈ, ਫਿਰਿ ਹੋਇ ਨ ਮੇਲਾ ॥ ੨ ॥
ਕਹੈ ਫਰੀਦ ਸਹੇਲੀਹੋ ਸਹੁ ਅਲਾਇਸੀ।
ਹੰਸੁ ਚਲਸੀ ਡੁੰਮਣਾ, ਅਹਿ ਤਨੁ ਢੇਰੀ ਥੀਸੀ ॥ ੩ ॥

(ਅ) ਮੁੰਦਾ ਸੰਤੋਖੁ ਧਰਮੁ ਪਤੁ ਝੋਲੀ, ਧਿਆਨਿ ਕੀ ਕਰਹਿ ਬਿਭੂਤਿ।
ਖਿੰਥਾ ਕਾਲੁ ਕੁਆਰੀ ਕਾਇਆ, ਜੁਗਤਿ ਡੰਡਾ ਪਰਤੀਤਿ।
ਆਈ ਪੰਥੀ ਸਗਲ ਜਮਾਤੀ, ਮਨਿ ਜੀਤੈ ਜਗੁ ਜੀਤੁ।
ਆਦੇਸੁ ਤਿਸੈ ਆਦੇਸੁ, ਆਦਿ ਅਨੀਲੁ ਅਨਾਦਿ ਅਨਾਹਤਿ
ਜੁਗੁ ਜੁਗੁ ਏਕੋ ਵੇਸੁ॥

(ੲ) ਇਕ ਰੱਬ ਦਾ ਨਾਮ ਖਜ਼ਾਨਾ ਹੈ
ਸੰਗ ਚੋਰਾਂ ਯਾਰਾਂ ਦਾਨਾ ਹੈ
ਉਸ ਰਹਿਮਤ ਦਾ ਖਸਮਾਨਾ ਹੈ
ਸੰਗ ਖੌਫ ਰਫੀਕ ਬਣਾਇਆ ਹੈ
ਟੁਕ ਬੂਝ ਕੌਣ ਛਪ ਆਇਆ ਹੈ।

(ਸ) ਭੁਖਾ ਖੰਡ ਤੇ ਖੀਰ ਦਾ ਹੋਇਆ ਰਾਖਾ,
ਰੰਡਾ ਘਲਿਆ ਸਾਕ ਕਰਾਵਣੇ ਨੂੰ।
ਗਿੱਦੜ ਕਚਹਿਰੀਆਂ ਦਾ ਜਮਾਦਾਰ ਹੋਇਆ,
ਊਠ ਘੱਲਿਆ ਬਾਗ ਲਗਾਵਣੇ ਨੂੰ।
ਬੇੜੀ ਕਾਗਜ਼ ਦੀ ਬਾਂਦਰ ਮੱਲਾਹ ਬਣਿਆ,
ਅੰਨ੍ਹਾ ਘਲਿਆ ਹਰਫ਼ ਲਿਖਾਵਣੇ ਨੂੰ।

2. ਸੂਫ਼ੀ ਮਤ ਵਿਚ ਅਦਵੈਤ ਅਤੇ ਇਸਲਾਮ ਦੇ ਉਘੇ ਗੁਣਾਂ ਦਾ ਬੜਾ ਸੁੰਦਰ ਸੁਮੇਲ ਹੋਇਆ ਹੈ। ਇਸ ਕਥਨ ਦੇ ਆਧਾਰ ਤੇ ਬਾਬਾ ਸ਼ੇਖ਼ ਫ਼ਰੀਦ ਦੀ ਬਾਣੀ ਦਾ ਮੁੱਲਾਂਕਣ ਕਰੋ। 60

3. ਗੁਰੂ ਨਾਨਕ ਦੇਵ ਨੇ ਆਪਣੀ ਅਕਾਲੀ ਬਾਣੀ ਵਿਚ ਆਪਣੇ ਸਮਕਾਲੀ ਸਮਾਜ ਦਾ ਚਿਤ੍ਰਣ ਬੜੀ ਪ੍ਰਬੀਨਤਾ ਨਾਲ ਕੀਤਾ ਹੈ। ਆਪ ਇਕ ਪੂਰੇ ਯੁਗ ਦੀ ਸਿਰਜਣਾ ਕਰ ਦਿੰਦੇ ਹਨ। ਕੀ ਆਪ ਇਸ ਮਤ ਨਾਲ ਸਹਿਮਤ ਹੋ? ਵਿਚਾਰ ਕਰੋ। 60

4. 'ਬੁਲ੍ਹਿਆ ਤੈਨੂੰ ਕਾਫਰ-ਕਾਫਰ ਆਖਦੇ, ਤੂੰ ਆਹੋ ਆਹੋ ਆਖ' ਰਾਹੀਂ ਬੁਲ੍ਹੇ ਸ਼ਾਹ ਸਾਡੇ ਸਾਮ੍ਹਣੇ ਕਿਹੜਾ ਸੱਚ ਉਘਾੜ ਰਿਹਾ ਹੈ। ਇਸ ਪਿਛੇ ਕੰਮ ਕਰਦਾ ਫਲਸਫਾ ਕੀ ਹੈ। ਬੁਲ੍ਹੇ ਸ਼ਾਹ ਨੇ 'ਆਹੋ ਆਹੋ' ਕਹਿਕੇ ਸਾਨੂੰ ਕੀ ਸੁਨੇਹਾ ਦੇਣਾ ਚਾਹਿਆ ਹੈ। 60

punjabiforias.com by Satinder Sir



Scanned with CamScanner

## SECTION—B

5. ਨਿਮਨ ਲਿਖਿਤ ਗੱਦ/ਪੱਦ ਖੰਡਾਂ ਵਿਚੋਂ ਕੇਵਲ ਤਿੰਨ ਦੀ ਆਲੋਚਨਾਤਮਕ ਵਿਆਖਿਆ ਕਰੋ :— 3×20=60

(ੳ) ਮਹਾਂਬਲੀ ਰਣਜੀਤ ਸਿੰਘ ਹੋਇਆ ਪੈਦਾ,
ਨਾਲ ਜ਼ੋਰ ਦੇ ਮੁਲਕ ਹਿਲਾਇ ਗਿਆ।
ਮੁਲਤਾਨ ਕਸ਼ਮੀਰ ਪਸ਼ੌਰ ਚੰਬਾ ਜੰਮੂ ਕਾਂਗੜਾ
ਕੋਟ ਨਿਵਾਇ ਗਿਆ।
ਹੋਰ ਦੇਸ ਲੱਦਾਖ ਤੇ ਚੀਨ ਤੋੜੀ,
ਸਿੱਕਾ ਆਪਣੇ ਨਾਮ ਚਲਾਇ ਗਿਆ।
ਸ਼ਾਹ ਮੁਹੰਮਦਾ ਜਾਣ ਪਚਾਸ ਬਰਸਾਂ,
ਅੱਛਾ ਰੱਜ ਕੇ ਰਾਜ ਕਮਾਇ ਗਿਆ।

(ਅ) ਤੂੰ ਮੁਰਦਿਆਂ ਦਾ ਅੰਬਰ ਤੱਕਦੋਂ
ਤੂੰ ਰੱਤੇ ਪਾਣੀ ਦੀ ਧਾਰ ਤੱਕਦੋਂ
ਤੜਫਦਿਆਂ ਦੀ ਪੁਕਾਰ ਸੁਣਦੋਂ
ਤੇ ਤੱਕਦੋਂ ਵਿਧਵਾ ਦਾ ਹਾਲ ਭਗਵਾਨ!
ਤੂੰ ਵੇਖ ਲੈਂਦਾ ਓ ਹੂਰਾਂ ਪਰੀਆਂ
ਜੋ ਖੋਹਕੇ ਮੁਸ਼ਟੰਡਿਆਂ ਨੇ ਫੜੀਆਂ
ਜੋ ਬੇਦਰੇਗਾਂ ਦੀ ਭੇਟ ਚੜ੍ਹੀਆਂ
ਜੋ ਸੜੀਆਂ ਗਲ ਲਾ ਬਾਲ ਭਗਵਾਨ।

(ੲ) ਭਾਵੇਂ ਅਸੀਂ ਹਿੰਦੁਸਤਾਨੀ ਦਿਮਾਗੀ ਦਲਦਲਾਂ ਵਿਚ ਫਸੇ ਅਜੇ ਵੀ ਸਦੀਆਂ ਪੁਰਾਣੇ ਖਿਆਲਾਂ ਨੂੰ ਸਚਿਆਈ ਮੰਨਕੇ ਜ਼ਿੰਦਗੀ ਦੀ ਅਜੋੜਤਾ ਦਾ ਸ਼ਿਕਾਰ ਬਣੇ ਹੋਏ ਹਾਂ, ਪਰ ਪੱਛਮੀ ਦੁਨੀਆਂ ਨੇ ਪਿਛਲੇ ਚਾਲੀ ਵਰ੍ਹਿਆਂ ਵਿਚ ਇਸ ਆਲਮ ਦੀ ਬਿਲਕੁਲ ਨਵੀਂ ਐਡੀਸ਼ਨ ਤਿਆਰ ਕਰ ਦਿੱਤੀ ਹੈ। ਅਖ਼ਲਾਕ, ਪੋਸ਼ਾਕ, ਧਰਮ ਫ਼ਲਸਫ਼ਾ, ਭਾਈਚਾਰਾ ਸਭ ਦੀ ਕਾਂਟ ਛਾਂਟ ਹੋ ਗਈ ਹੈ। ......... ਇਸ ਥਿਊਰੀ ਤੋਂ ਤਰਤੀਬ ਲੈਕੇ ਸਿਆਣੇ

punjabiforias.com
by Satinder Sir



Scanned with CamScanner

ਮਨੁਖਾਂ ਨੇ ਮੰਨੀਆਂ ਹੋਈਆਂ ਸਚਿਆਈਆਂ ਨੂੰ ਫੇਰ ਫੋਲਿਆ ਹੈ। ਸਭ ਦੀ ਪੜਤਾਲ ਕੀਤੀ ਹੈ ਤੇ ਪਤਾ ਲੱਗਾ ਹੈ ਕਿ ਉਹਨਾਂ ਵਿਚੋਂ ਬਹੁਤੀਆਂ ਬਿਲਕੁਲ ਗਲਤ ਹਨ। ਸਾਡੇ ਇਤਕਾਦ ਹੀ ਅਮਲਾਂ ਦੀ ਸੂਰਤ ਧਾਰਦੇ ਹਨ। ਜਦੋਂ ਇਤਕਾਦ ਬਦਲ ਜਾਏ ਉਦੋਂ ਅਮਲ ਵੀ ਬਦਲ ਜਾਂਦੇ ਹਨ।

(ਸ) "ਉਹਨਾਂ ਗੱਲਾਂ ਨੂੰ ਵੀਹ ਵਰ੍ਹੇ ਹੋ ਗਏ। ਉਸ ਪਿਛੋਂ ਕਈ ਸਾਲ ਮੈਂ ਤੇਰੇ ਨਾਲ ਦਿਲ ਦੀ ਗੱਲ ਕਰਨ ਲਈ ਸਹਿਕਦਾ ਰਿਹਾ। ਜਿੰਨਾ ਮੈਂ ਤੇਰੇ ਵਲ ਵਧਿਆ, ਉੱਨਾ ਤੂੰ ਪਿਛੇ ਹਟਦੀ ਗਈ। ਮੇਰਾ ਮਨ ਉਖੜਿਆ ਉਖੜਿਆ ਰਹਿੰਦਾ ਹੈ। ਖੇਤ ਉੱਜੜ ਗਿਆ। ਕਣਕ ਦੀ ਥਾਂ ਪੋਹਲੀ ਉੱਗ ਗਈ। ਹਰ ਚੀਜ਼ ਵੀਰਾਨ ......... "

6. ਨਾਨਕ ਸਿੰਘ ਨਾਵਲਿਸਟ ਨੂੰ ਪੰਜਾਬੀ ਦਾ ਮੁੰਸ਼ੀ ਪ੍ਰੇਮ ਚੰਦ ਕਿਹਾ ਜਾਂਦਾ ਹੈ। ਉਹ ਲਿਖਣਕਲਾ ਵਿਚ ਵੀ ਪ੍ਰੇਮ ਚੰਦ ਤੋਂ ਪ੍ਰਭਾਵ ਗ੍ਰਹਿਣ ਕਰਦਾ ਹੈ। ਉਸਦੇ ਵਿਸ਼ੇ ਵਸਤੂ ਉਤੇ ਜੋ ਪ੍ਰੇਮਚੰਦੀ ਸਮਾਜ ਸੁਧਾਰ ਦਾ ਪ੍ਰਭਾਵ ਹੈ ਉਸਨੂੰ ਸਪਸ਼ਟ ਕਰੋ। 60

7. ਸਫਰਨਾਮਾ ਲਿਖਣਾ ਹਾਰੀ-ਸਾਰੀ ਦੇ ਵੱਸ ਦਾ ਰੋਗ ਨਹੀਂ। ਬਲਰਾਜ ਸਾਹਨੀ ਦੇ 'ਮੇਰਾ ਪਾਕਿਸਤਾਨੀ ਸਫਰਨਾਮਾ' ਦੇ ਆਧਾਰ ਤੇ ਉਸਦੀ ਵਾਰਤਕ ਕਲਾ ਅਤੇ ਸਫਰਨਾਮਾਂ ਲੇਖਕ ਦੇ ਤੌਰ ਤੇ ਪਰਖ ਕਰੋ। 60

8. 'ਪ੍ਰਸਿੱਧ ਪੰਜਾਬੀ ਕਵੀ' ਦੇ ਆਧਾਰ ਤੇ ਸੰਤ ਸਿੰਘ ਸੇਖੋਂ ਦੀ ਆਲੋਚਨਾ ਸ਼ੈਲੀ ਦੇ ਉਘੇ ਗੁਣਾਂ ਦਾ ਵੇਰਵਾ ਦਿਉ। ਕੀ ਸੇਖੋਂ ਸ਼ਾਸਤਰੀ ਆਲੋਚਨਾ-ਪੱਧਤੀ ਦਾ ਵੀ ਅਨੁਕਰਨ ਕਰਦਾ ਹੈ। 60



punjabiforias.com by Satinder Sir
Scanned with CamScanner